# COVID-19 ਦੀ ਜਾਂਚ ਅਤੇ ਇਸਦਾ ਇਲਾਜ

ਭਾਂਵੇਂ ਕਿ ਜੇ ਤੁਹਾਡੇ ਕੋਲ ਵੀਜ਼ਾ ਨਹੀਂ ਵੀ ਹੈ, ਜਾਂ ਤੁਹਾਨੂੰ ਆਪਣੇ ਵੀਜ਼ੇ ਦੀ ਸਥਿੱਤੀ ਬਾਰੇ ਪੱਕਾ ਯਕੀਨ ਨਹੀਂ ਹੈ, ਤੁਹਾਨੂੰ ਜਨਤਕ ਸਿਹਤ ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਕਰਨੀ ਚਾਹੀਦੀ ਹੈ। ਜੇ ਤੁਸੀਂ ਬਿਮਾਰ ਮਹਿਸੂਸ ਕਰ ਰਹੇ ਹੋ, ਡਾਕਟਰੀ ਇਲਾਜ ਕਰਵਾਓ ਅਤੇ COVID-19 ਵਾਸਤੇ ਜਾਂਚ ਕਰਵਾਓ।

ਰਾਜ ਅਤੇ ਕੇਂਦਰੀ ਪ੍ਰਦੇਸ਼ ਦੀਆਂ ਸਰਕਾਰਾਂ COVID-19 ਦੀ ਮੁਫਤ ਜਾਂਚ ਅਤੇ ਇਲਾਜ ਦੀ ਪੇਸ਼ਕਸ਼ ਕਰ ਰਹੀਆਂ ਹਨ।

- ਆਸਟ੍ਰੇਲੀਅਨ ਕੈਪੀਟਲ ਟੈਰੀਟਰੀ
- ਨਿਊ ਸਾਊਥ ਵੇਲਜ਼
- ਨੌਰਦਰਨ ਟੈਰੀਟਰੀ
- ਕੁਈਂਜ਼ਲੈਂਡ
- ਸਾਊਥ ਆਸਟ੍ਰੇਲੀਆ
- ਤਸਮਾਨੀਆ
- ਵਿਕਟੋਰੀਆ
- ਵੈਸਟਰਨ ਆਸਟ੍ਰੇਲੀਆ

### ਵਿਕਟੋਰੀਆ ਵਿੱਚ ਪ੍ਰਵਾਸ ਸਬੰਧੀ ਡਾਕਟਰੀ ਜਾਂਚਾਂ (Immigration Medical Examinations)

COVID-19 ਦੀਆਂ ਹੋਰ ਪਾਬੰਦੀਆਂ ਦੇ ਕਰਕੇ, ਵਿਕਟੋਰੀਆ ਵਿੱਚ ਸਾਰੀਆਂ ਪ੍ਰਵਾਸ ਡਾਕਟਰੀ ਜਾਂਚਾਂ ਆਰਜ਼ੀ ਤੌਰ ਤੇ ਬੰਦ ਹੋ ਗਈਆਂ ਹਨ। ਇਸ ਦੀ ਸਮੀਖਿਆ ਜਨਤਕ ਸਿਹਤ ਦੇ ਅਗਲੇਰੇ ਐਲਾਨਾਂ ਦੇ ਅਨੁਸਾਰ ਕੀਤੀ ਜਾਵੇਗੀ।

# ਮੇਰੇ ਕੋਲ ਬਰਿਜਿੰਗ ਵੀਜ਼ਾ ਹੈ

## ਮੇਰੇ ਕੋਲ ਬਰਿਜਿੰਗ ਵੀਜ਼ਾ A, B ਜਾਂ C ਹੈ

ਜੇ ਤੁਹਾਡੇ ਕੋਲ ਇਸ ਵੇਲੇ ਬਰਿਜਿੰਗ ਵੀਜ਼ਾ A, B ਜਾਂ C ਹੈ, ਇਹ ਤੁਹਾਨੂੰ ਆਸਟ੍ਰੇਲੀਆ ਵਿੱਚ ਰਹਿਣ ਦੀ ਆਗਿਆ ਦੇਵੇਗਾ ਜਦੋਂ ਕਿ ਤੁਹਾਡੀ ਵੀਜ਼ੇ ਦੀ ਮੌਜੂਦਾ ਅਰਜ਼ੀ ਜਾਂ ਸਮੀਖਿਆ ਉੱਤੇ ਕਾਰਵਾਈ ਚੱਲ ਰਹੀ ਹੈ। ਪਰ ਫਿਰ ਵੀ, ਜੇ ਤੁਹਾਡੇ ਕੋਈ ਪ੍ਰਵਾਸੀ ਫੈਸਲੇ ਜਾਂ ਸਮੀਖਿਆਵਾਂ ਬਕਾਇਆ ਨਹੀਂ ਹਨ *ਅਤੇ* ਤੁਸੀਂ ਆਸਟ੍ਰੇਲੀਆ ਨੂੰ ਛੱਡ ਕੇ ਨਹੀਂ ਜਾ ਸਕਦੇ ਹੋ, ਆਪਣੇ ਆਪ ਨੂੰ ਕਾਨੂੰਨੀ ਬਣਾਏ ਰੱਖਣ ਲਈ ਤੁਹਾਨੂੰ ਨਵੇਂ ਵੀਜ਼ੇ ਲਈ ਅਰਜ਼ੀ ਪਾਉਣੀ ਚਾਹੀਦੀ ਹੈ।

ਜੇ ਤੁਹਾਡੇ ਕੋਲ ਬਰਿਜਿੰਗ ਵੀਜ਼ਾ A ਜਾਂ C ਹੈ ਅਤੇ ਤੁਸੀਂ ਆਸਟ੍ਰੇਲੀਆ ਨੂੰ ਛੱਡ ਕੇ ਚਲੇ ਜਾਂਦੇ ਹੋ, ਤੁਹਾਡਾ ਬਰਿਜਿੰਗ ਵੀਜ਼ਾ A ਜਾਂ C ਖਤਮ ਹੋ ਜਾਵੇਗਾ। ਜੇ ਤੁਸੀਂ ਭਵਿੱਖ ਵਿੱਚ ਆਸਟ੍ਰੇਲੀਆ ਵਾਪਸ ਮੁੜਨਾ ਚਾਹੁੰਦੇ ਹੋ, ਵਾਪਸ ਆਉਣ ਦੀ ਆਗਿਆ ਲਈ ਤੁਹਾਨੂੰ ਕਿਸੇ ਦੂਸਰੇ ਵੀਜ਼ੇ ਲਈ ਅਰਜ਼ੀ ਪਾਉਣ ਦੀ ਲੋੜ ਹੋਵੇਗੀ। ਆਸਟ੍ਰੇਲੀਆ ਨੂੰ ਛੱਡ ਕੇ ਜਾਣ ਤੋਂ ਪਹਿਲਾਂ ਬਰਿਜਿੰਗ ਵੀਜ਼ਾ A ਵਾਲੇ ਬਰਿਜਿੰਗ ਵੀਜ਼ਾ B ਲਈ ਅਰਜ਼ੀ ਪਾਉਣ ਬਾਰੇ ਵਿਚਾਰ ਸਕਦੇ ਹਨ।

- ਬਰਿਜਿੰਗ ਵੀਜ਼ਾ B ਲਈ ਅਰਜ਼ੀਆਂ ਉੱਤੇ ਕਾਰਵਾਈ ਚੱਲਦੀ ਰਹੇਗੀ। ਪਰ ਫਿਰ ਵੀ, ਬਰਿਜਿੰਗ ਵੀਜ਼ਾ B ਵਾਲਿਆਂ ਦਾ ਆਸਟ੍ਰੇਲੀਆ ਵਿੱਚ ਦਾਖਲਾ ਬੰਦ ਰਹੇਗਾ ਜਦ ਤੱਕ ਪਾਬੰਦੀਆਂ ਨੂੰ ਹਟਾ ਨਹੀਂ ਲਿਆ ਜਾਂਦਾ ਹੈ,

ਬਸ਼ਰਤੇ ਕਿ ਕੋਈ ਛੋਟ ਲਾਗੂ ਨਾ ਹੁੰਦੀ ਹੋਵੇ। ਸਫਰ ਦੀਆਂ ਪਾਬੰਦੀਆਂ ਅਤੇ ਛੋਟਾਂ ਬਾਰੇ ਵਧੇਰੇ ਜਾਣਕਾਰੀ ਲਈ, ਆਸਟ੍ਰੇਲੀਆ ਵਿੱਚ ਆਉਣਾ (Coming to Australia) ਵੇਖੋ।

## ਮੇਰੇ ਕੋਲ ਬਰਿਜਿੰਗ ਵੀਜ਼ਾ E ਹੈ

ਬਰਿਜਿੰਗ ਵੀਜ਼ਾ E ਤੁਹਾਨੂੰ ਆਸਟ੍ਰੇਲੀਆ ਵਿੱਚ ਰਹਿਣ ਦੀ ਆਗਿਆ ਦੇਵੇਗਾ, ਜਦੋਂ ਕਿ ਤੁਸੀਂ:

- ਇਥੋਂ ਜਾਣ ਦੇ ਪ੍ਰਬੰਧ ਕਰ ਰਹੇ ਹੋ
- ਪਰਵਾਸ ਦੇ ਫੈਸਲੇ ਦਾ ਇੰਤਜ਼ਾਰ ਕਰ ਰਹੇ ਹੋ।

ਜੇ ਤੁਸੀਂ ਗੈਰ-ਕਾਨੂੰਨੀ ਬਣ ਜਾਦੇ ਹੋ ਅਤੇ ਕਿਸੇ ਦੂਸਰੇ ਵੀਜ਼ਿਆਂ ਲਈ ਅਰਜ਼ੀ ਨਹੀਂ ਦੇ ਸਕਦੇ ਹੋ, ਜਿੰਨ੍ਹਾਂ ਛੇਤੀ ਸੰਭਵ ਹੋ ਸਕੇ ਬਰਿਜਿੰਗ ਵੀਜ਼ਾ E ਲਈ ਅਰਜ਼ੀ ਪਾਉਣਾ ਤੁਹਾਨੂੰ ਆਸਟ੍ਰੇਲੀਆ ਵਿੱਚ ਕਾਨੂੰਨੀ ਦਰਜਾ ਪ੍ਰਦਾਨ ਕਰੇਗਾ ਤਾਂ ਜੋ ਤੁਸੀਂ ਜਿੰਨ੍ਹੀ ਛੇਤੀ ਸੰਭਵ ਹੋ ਸਕੇ ਚਲੇ ਜਾਣ ਦੇ ਪ੍ਰਬੰਧ ਕਰ ਸਕੋ।

ਜੇ ਤੁਹਾਡੇ ਕੋਲ ਬਰਿਜਿੰਗ ਵੀਜ਼ਾ E ਹੈ ਅਤੇ ਇਸ ਦੇ ਖਤਮ ਹੋਣ ਤੋਂ ਪਹਿਲਾਂ ਆਸਟ੍ਰੇਲੀਆ ਨੂੰ ਛੱਡ ਕੇ ਨਹੀਂ ਜਾ ਸਕਦੇ, ਕਾਨੂੰਨੀ ਤੌਰ ਤੇ ਬਣੇ ਰਹਿਣ ਲਈ ਤੁਹਾਨੂੰ ਇਕ ਹੋਰ ਬਰਿਜਿੰਗ ਵੀਜ਼ਾ E ਲਈ ਅਰਜ਼ੀ ਪਾਉਣ ਦੀ ਲੋੜ ਪਵੇਗੀ।

- ਤੁਸੀਂ ImmiAccount ਦੇ ਰਾਹੀਂ ਔਨਲਾਈਨ ਅਰਜ਼ੀ ਦੇ ਸਕਦੇ ਹੋ।
- ਜੇ ਤੁਹਾਨੂੰ ImmiAccount ਤੱਕ ਪਹੁੰਚ ਨਹੀਂ ਹੈ, ਤੁਸੀਂ (ਫ਼ਾਰਮ 1008 – ਬਰਿਜਿੰਗ ਵੀਜ਼ਾ E ਲਈ ਅਰਜ਼ੀ – ਸਬਕਲਾਸ 050) ਨੂੰ ਈਮੇਲ ਕਰਕੇ ਜਾਂ ਕਾਗਜ਼ੀ ਰੂਪ ਵਿੱਚ ਡਾਕ ਰਾਹੀਂ ਭੇਜ ਸਕਦੇ ਹੋ।

ਜਿਹੜੇ ਲੋਕ ਆਸਟ੍ਰੇਲੀਆ ਨੂੰ ਗੈਰ-ਕਾਨੂੰਨੀ ਤੌਰ ਤੇ ਗੈਰ-ਨਾਗਰਿਕਾਂ ਜਾਂ D, E ਜਾਂ F ਬਰਿਜਿੰਗ ਵੀਜ਼ੇ ਵਾਲਿਆਂ ਵਜੋਂ ਛੱਡ ਕੇ ਜਾਂਦੇ ਹਨ, ਤੁਹਾਨੂੰ ਕੁਝ ਸਮੇਂ ਵਾਸਤੇ ਆਸਟ੍ਰੇਲੀਆ ਵਿੱਚ ਵਾਪਸ ਆਉਣ ਤੋਂ ਵਰਜ ਦਿੱਤਾ ਜਾ ਸਕਦਾ ਹੈ ਅਤੇ ਇਹ ਭਵਿੱਖ ਦੀਆਂ ਵੀਜ਼ਾ ਅਰਜ਼ੀਆਂ ਉੱਤੇ ਪ੍ਰਭਾਵ ਪਾ ਸਕਦਾ ਹੈ:

- ਦੋਬਾਰਾ ਦਾਖਲੇ ਦੀਆਂ ਪਾਬੰਦੀਆਂ ਬਾਰੇ ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ: ਦੋਬਾਰਾ ਦਾਖਲੇ ਦੀ ਪਾਬੰਦੀ

## ਬਰਿਜਿੰਗ ਵੀਜ਼ੇ ਉੱਤੇ ਕੰਮ ਕਰਨਾ

ਬਰਿਜਿੰਗ ਵੀਜ਼ੇ ਦੀਆਂ ਸ਼ਰਤਾਂ ਦੇ ਹਿਸਾਬ ਨਾਲ ਤੁਹਾਨੂੰ ਆਸਟ੍ਰੇਲੀਆ ਵਿੱਚ ਕੰਮ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ। ਤੁਸੀਂ ਇਸ ਤਰ੍ਹਾਂ ਜਾਂਚ ਸਕਦੇ ਹੋ:

- VEVO ਦੀ ਸੇਵਾ ਨੂੰ ਵਰਤ ਕੇ, ਜਾਂ
- ਆਪਣੇ ImmiAccount ਦੇ ਰਾਹੀਂ ਆਪਣੀਆਂ ਵੀਜ਼ੇ ਦੀਆਂ ਸ਼ਰਤਾਂ ਤੱਕ ਪਹੁੰਚ ਕਰਕੇ।

ਜੇਕਰ ਤੁਹਾਡਾ ਬਰਿਜਿੰਗ ਵੀਜ਼ਾ ਤੁਹਾਨੂੰ ਕੰਮ ਨਹੀਂ ਕਰਨ ਦਿੰਦਾ ਹੈ, ਜਾਂ ਕੰਮ ਕਰਨ ਉੱਤੇ ਪਾਬੰਦੀਆਂ ਹਨ, ਤੁਸੀਂ ਕਿਸੇ ਦੂਸਰੇ ਬਰਿਜਿੰਗ ਵੀਜ਼ੇ ਲਈ ਅਰਜ਼ੀ ਦੇ ਸਕਦੇ ਹੋ ਜੋ ਤੁਹਾਨੂੰ ਕੰਮ ਕਰਨ ਦੀ ਆਗਿਆ ਦੇਵੇਗਾ। ਇਹ ਸਿਰਫ ਕੁਝ ਹਾਲਾਤਾਂ ਵਿੱਚ ਹੀ ਉਪਲਬਧ ਹੈ ਅਤੇ ਆਮ ਤੌਰ ਤੇ ਤੁਹਾਨੂੰ ਇਹ ਵਿਖਾਉਣਾ ਪਵੇਗਾ ਕਿ ਤੁਸੀਂ ਵਿੱਤੀ ਔਖਿਆਈ ਦਾ ਸਾਹਮਣਾ ਕਰ ਰਹੇ ਹੋ।

ਜੇਕਰ ਤੁਸੀਂ ਕੰਮ ਕਰਨ ਦੀਆਂ ਜ਼ਰੂਰਤਾਂ ਪੂਰੀਆਂ ਨਹੀਂ ਕਰਦੇ, ਅਤੇ ਤੁਸੀਂ ਹਾਲੇ ਵੀ ਬਰਿਜਿੰਗ ਵੀਜ਼ੇ ਲਈ ਯੋਗ ਹੋ, ਅਸੀਂ ਤੁਹਾਨੂੰ ਨਵਾਂ ਵੀਜ਼ਾ ਜਾਰੀ ਕਰਾਂਗੇ ਬਿਲਕੁਲ ਉਸੇ ਤਰ੍ਹਾਂ ਦੀਆਂ ਸ਼ਰਤਾਂ ਨਾਲ ਜੋ ਤੁਹਾਡੇ ਪਹਿਲੇ ਵੀਜ਼ੇ ਉਪਰ ਲਾਗੂ ਸਨ।

## ਬਰਿਜਿੰਗ ਵੀਜ਼ਿਆਂ ਦਾ ਮੁੱਕਣਾ

ਜੇ ਤੁਹਾਡਾ ਵੀਜ਼ਾ ਮੁੱਕਣ ਵਾਲਾ ਹੈ, ਜੇ ਤੁਸੀਂ ਕਰ ਸਕਦੇ ਹੋ ਜਿੰਨ੍ਹਾਂ ਛੇਤੀ ਸੰਭਵ ਹੋਵੇ ਤੁਹਾਨੂੰ ਆਪਣੇ ਦੇਸ਼ ਵਾਪਸ ਚਲੇ ਜਾਣ ਬਾਰੇ ਸੋਚਣਾ ਚਾਹੀਦਾ ਹੈ, ਖਾਸ ਤੌਰ ਤੇ ਜੇ ਤੁਹਾਨੂੰ ਪਰਿਵਾਰ ਦਾ ਸਹਿਯੋਗ ਉਪਲਬਧ ਨਹੀਂ ਹੈ।

ਆਰਜ਼ੀ ਵੀਜ਼ਾ ਧਾਰਕ ਜੋ ਆਉਣ ਵਾਲੇ ਛੇ ਮਹੀਨਿਆਂ ਦੇ ਦੌਰਾਨ ਆਪਣੇ ਆਪ ਦੀ ਦੇਖਭਾਲ ਖੁਦ ਨਹੀਂ ਕਰ ਸਕਦੇ ਹਨ, ਉਹਨਾਂ ਨੂੰ ਜਿੰਨ੍ਹੀ ਛੇਤੀ ਸੰਭਵ ਹੋਵੇ ਵਾਪਸ ਆਪਣੇ ਦੇਸ਼ ਵਾਪਸ ਚਲੇ ਜਾਣ ਦੇ ਪ੍ਰਬੰਧਾਂ ਨੂੰ ਕਰਨ ਲਈ ਪੂਰੀ ਤਰ੍ਹਾਂ ਉਤਸ਼ਾਹਿਤ ਕੀਤਾ ਜਾਂਦਾ ਹੈ।

ਜੇ ਤੁਸੀਂ ਆਸਟ੍ਰੇਲੀਆ ਨੂੰ ਛੱਡ ਕੇ ਨਹੀਂ ਜਾ ਸਕਦੇ, ਤੁਹਾਨੂੰ ਜਾਇਜ਼ ਵੀਜ਼ਾ ਬਣਾਈ ਰੱਖਣ ਦੀ ਲੋੜ ਹੋਵੇਗੀ। ਜਦੋਂ ਸਫਰ ਦੀਆਂ ਪਾਬੰਦੀਆਂ ਹੱਟ ਜਾਂਦੀਆਂ ਹਨ, ਤੁਹਾਡੇ ਕੋਲੋਂ ਆਸਟ੍ਰੇਲੀਆ ਨੂੰ ਛੱਡ ਕੇ ਚਲੇ ਜਾਣ ਦੀ ਉਮੀਦ ਕੀਤੀ ਜਾਦੀ ਹੈ।

ਵਧੇਰੇ ਜਾਣਕਾਰੀ ਲਈ ਵੇਖੋ: ਤੁਹਾਡਾ ਵੀਜ਼ਾ ਖਤਮ ਹੋਣ ਵਾਲਾ ਹੈ ਜਾਂ ਮੁੱਕ ਗਿਆ ਹੈ

ਜੇ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਅਤੇ ਤੁਹਾਡੇ ਵੀਜ਼ੇ ਦੀ ਵੈਧਤਾ ਖਤਮ ਹੋਣ ਤੋਂ ਪਹਿਲਾਂ ਦਾਖਲ ਹੋਣ ਦੇ ਯੋਗ ਨਹੀਂ ਹੋ, ਜੇ ਤੁਸੀਂ ਆਸਟ੍ਰੇਲੀਆ ਵੱਲ ਨੂੰ ਸਫਰ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਵੀਜ਼ੇ ਲਈ ਅਰਜ਼ੀ ਪਾਉਣੀ ਪਵੇਗੀ ਅਤੇ ਤੁਹਾਨੂੰ ਨਵਾਂ ਵੀਜ਼ਾ ਜਾਰੀ ਹੋਣਾ ਚਾਹੀਦਾ ਹੈ।

ਵੀਜ਼ੇ ਦੀ ਵੈਧਤਾ ਮਿਆਦ ਨੂੰ ਵਧਾਉਣਾ ਸੰਭਵ ਨਹੀਂ ਹੈ। ਜਦੋਂ ਤੁਸੀਂ ਆਸਟ੍ਰੇਲੀਆ ਤੋਂ ਬਾਹਰ ਹੋ ਤਾਂ ਬਰਿਜਿੰਗ ਵੀਜ਼ਾ B (BVB) ਲਈ ਵੈਧ ਅਰਜ਼ੀ ਪਾਉਣੀ ਸੰਭਵ ਨਹੀਂ ਹੈ ਜਾਂ ਆਸਟ੍ਰੇਲੀਆ ਤੋਂ ਬਾਹਰ ਰਹਿੰਦੇ ਸਮੇਂ BVB ਜਾਰੀ ਕਰਨਾ ਸੰਭਵ ਨਹੀਂ ਹੈ।

## ਸਹਿਯੋਗੀ ਸੇਵਾਵਾਂ

ਜੇ ਤੁਸੀਂ ਆਪਣੇ ਵੀਜ਼ੇ ਦੇ ਦਰਜੇ ਦਾ ਹੱਲ ਨਹੀਂ ਕੱਢ ਸਕਦੇ ਹੋ, ਘਰੇਲੂ ਮਾਮਲਿਆਂ ਦੇ ਵਿਭਾਗ ਦੀ ਸਟੇਟਸ ਰੈਜ਼ੂਲੂਸ਼ਨ ਸਰਵਿਸ (SRS) ਸਹਾਇਤਾ ਕਰ ਸਕਦੀ ਹੈ।

ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ: ਸਟੇਟਸ ਰੈਜ਼ੂਲੂਸ਼ਨ ਸਰਵਿਸ

SRS ਦੇ ਅਫਸਰ ਤੁਹਾਡੇ ਵੀਜ਼ੇ ਦੇ ਵਿਕਲਪਾਂ ਬਾਰੇ ਸਮਝਾ ਸਕਦੇ ਹਨ ਅਤੇ ਤੁਹਾਨੂੰ ਦੱਸ ਸਕਦੇ ਹਨ ਕਿ ਤੁਹਾਡੇ ਦੁਆਰਾ ਹੁਣ ਲਏ ਗਏ ਫੈਸਲੇ ਤੁਹਾਡੇ ਬਾਅਦ ਦੇ ਵਿਕਲਪਾਂ ਉੱਤੇ ਕਿਵੇਂ ਅਸਰ ਪਾ ਸਕਦੇ ਹਨ। ਉਹ ਤੁਹਾਨੂੰ ਆਸਟ੍ਰੇਲੀਆ ਛੱਡ ਕੇ ਚਲੇ ਜਾਣ ਦੀ ਯੋਜਨਾ ਬਨਾਉਣ ਵਿੱਚ ਮਦਦ ਕਰ ਸਕਦੇ ਹਨ, ਅਤੇ ਜਿੱਥੇ ਲੋੜ ਹੋਵੇ ਤੁਹਾਨੂੰ ਦੂਸਰੀਆਂ ਸੇਵਾਵਾਂ ਕੋਲ ਭੇਜ ਸਕਦੇ ਹਨ।

ਵਿਸ਼ੇਸ਼ ਹਾਲਾਤਾਂ ਵਿੱਚ, ਵਿਭਾਗ ਦੀ ਸਟੇਟਸ ਰੈਜ਼ੂਲੂਸ਼ਨ ਸਰਵਿਸ ਯੋਗ ਵਿਅਕਤੀਆਂ ਦੀ ਮਦਦ ਕਰ ਸਕਦੀ ਹੈ ਜੋ ਆਸਟ੍ਰੇਲੀਆ ਵਿੱਚੋਂ ਚਲੇ ਜਾਣਾ ਚਾਹੁੰਦੇ ਹਨ। ਵਾਪਸ ਭੇਜੇ ਜਾਣ ਵਾਲੇ ਸਹਿਯੋਗੀ ਪ੍ਰੋਗਰਾਮ ਨੂੰ ਚਲਾਉਣ ਵਾਸਤੇ ਵਿਭਾਗ ਇੰਟਰਨੈਸ਼ਨਲ ਔਰਗੇਨਾਈਜੇਸ਼ਨ ਫਾਰ ਮਾਈਗਰੇਸ਼ਨ (IOM) ਅਤੇ Serco (Homeward) ਨੂੰ ਸੇਵਾ ਪ੍ਰਦਾਤਿਆਂ ਵਜੋਂ ਠੇਕੇ ਦਿੰਦਾ ਹੈ।

ਵਾਪਸ ਭੇਜੇ ਜਾਣ ਵਾਲੀ ਸਹਾਇਤਾ ਯੋਗ ਸਹਿਯੋਗ ਪ੍ਰਾਪਤ ਕਰਨ ਵਾਲਿਆਂ ਨੂੰ ਇਕ, ਜਾਂ ਵੱਖ-ਵੱਖ ਪ੍ਰਕਾਰ ਦੀ ਮਦਦ ਪ੍ਰਦਾਨ ਕਰ ਸਕਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਸੁਤੰਤਰ ਵਾਪਸ ਜਾਣ ਦੀ ਸਲਾਹ
- ਹਵਾਈ ਜਹਾਜ਼ ਦੀ ਟਿਕਟ

- ਸਫਰ ਲਈ ਦਸਤਾਵੇਜ਼ ਪ੍ਰਾਪਤ ਕਰਨ ਵਿੱਚ ਸਹਾਇਤਾ
- ਵਾਪਸੀ ਵਾਲੇ ਦੇਸ਼ ਵਿੱਚ ਸਵਾਗਤੀ ਸਹਾਇਤਾ
- ਆਖਰੀ ਮੰਜ਼ਿਲ ਵੱਲ ਸਫਰ ਵਿੱਚ ਸਹਾਇਤਾ।

ਵਾਪਸ ਭੇਜੇ ਜਾਣ ਵਾਲੀ ਸਹਾਇਤਾ ਲੈਣ ਦੇ ਯੋਗ ਹੋਣ ਵਾਸਤੇ ਵਿਚਾਰੇ ਜਾਣ ਲਈ, ਇਹ ਜ਼ਰੂਰੀ ਹੈ ਕਿ:

- ਤੁਸੀਂ ਗੈਰ-ਨਾਗਰਿਕ ਹੋ
- ਤੁਹਾਡੇ ਕੋਲ ਕੋਈ ਅਜਿਹਾ ਵੀਜ਼ਾ ਨਹੀਂ ਹੋਣਾ ਚਾਹੀਦਾ ਜੋ ਆਸਟ੍ਰੇਲੀਆ ਵਿੱਚ ਦੋਬਾਰਾ ਦਾਖਲੇ ਦੀ ਆਗਿਆ ਦੇਵੇ
- ਤੁਸੀਂ ਆਪਣੀ ਇੱਛਾ ਨਾਲ ਮੂਲ ਦੇਸ਼ ਨੂੰ ਜਾਂ ਉਸ ਦੇਸ਼ ਨੂੰ ਵਾਪਸ ਜਾਣਾ ਚੁਣਨਾ ਜਿੱਥੇ ਤੁਹਾਨੂੰ ਦਾਖਲ ਹੋਣ ਅਤੇ ਰਹਿਣ ਦਾ ਹੱਕ ਹੈ
- ਤੁਹਾਨੂੰ ਇਹ ਵਿਖਾਉਣਾ ਚਾਹੀਦਾ ਹੈ ਕਿ ਤੁਸੀਂ ਆਪਣੀ ਵਾਪਸੀ ਲਈ ਖੁਦ ਪੈਸੇ ਖਰਚਣ ਦੇ ਯੋਗ ਨਹੀਂ ਹੋ।

ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ: ਚਲੇ ਜਾਣ ਵਾਸਤੇ ਸਹਾਇਤਾ

ਸਟੇਟਸ ਰੈਜ਼ੂਲੇਸ਼ਨ ਸੁਪੋਰਟ ਸਰਵਿਸਜ਼ (SRSS) ਉਹਨਾਂ ਕੁਝ ਖਾਸ ਗੈਰ-ਨਾਗਰਿਕਾਂ ਨੂੰ ਸਹਾਇਤਾ ਪ੍ਰਦਾਨ ਕਰਦੀਆਂ ਹਨ ਜੋ ਕਿ ਆਰਜ਼ੀ ਤੌਰ ਤੇ ਆਸਟ੍ਰੇਲੀਆ ਦੇ ਭਾਈਚਾਰੇ ਵਿੱਚ ਰਹਿ ਰਹੇ ਹਨ ਜਦੋਂ ਕਿ ਉਹਨਾਂ ਦੇ ਪਰਵਾਸੀ ਦਰਜੇ ਦਾ ਨਿਰਧਾਰਨ ਕੀਤਾ ਜਾ ਰਿਹਾ ਹੈ। SRSS ਪ੍ਰੋਗਰਾਮ ਥੋੜ੍ਹੇ ਸਮੇਂ ਦੀ, ਵਿਅਕਤੀਆਂ ਲਈ ਤਿਆਰ ਕੀਤੀ ਸਹਾਇਤਾ ਹੈ ਜੋ ਆਪਣੇ ਆਪ ਦੀ ਖੁਦ ਦੇਖਭਾਲ ਨਹੀਂ ਕਰ ਸਕਦੇ ਹਨ ਜਦੋਂ ਉਹ ਘਰੇਲੂ ਮਾਮਲਿਆਂ ਦੇ ਵਿਭਾਗ ਨਾਲ ਆਪਣੇ ਪਰਵਾਸ ਦੇ ਦਰਜੇ ਬਾਰੇ ਗੱਲਬਾਤ ਕਰ ਰਹੇ ਹੁੰਦੇ ਹਨ। ਇਹ ਕੋਈ ਲਗਾਤਾਰ ਮਿਲਣ ਵਾਲਾ ਹੱਕ ਨਹੀਂ ਹੈ।

ਕੰਮ ਕਰਨ ਦੇ ਹੱਕਾਂ ਨਾਲ ਬਰਿਜਿੰਗ ਵੀਜ਼ੇ ਵਾਲੇ ਵਿਅਕਤੀਆਂ ਨੂੰ, ਅਤੇ ਜਿੰਨ੍ਹਾਂ ਕੋਲ ਕੰਮ ਕਰਨ ਦੀ ਸਮਰੱਥਾ ਹੈ, ਉਹਨਾਂ ਕੋਲੋਂ ਆਪਣੀ ਦੇਖਭਾਲ ਖੁਦ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਜਦੋਂ ਕਿ ਉਹਨਾਂ ਦਾ ਪਰਵਾਸ ਦਾ ਦਰਜਾ ਹੱਲ ਕੀਤਾ ਜਾ ਰਿਹਾ ਹੈ।

COVID-19 ਦੇ ਸਮੇਂ ਦੇ ਦੌਰਾਨ, SRSS ਦੇ ਅਧੀਨ ਸਹਾਇਤਾ ਵਾਲੀਆਂ ਅਰਜ਼ੀਆਂ ਦਾ ਹਰੇਕ ਮਾਮਲੇ ਦੇ ਆਧਾਰ ਤੇ ਮੁਲਾਂਕਣ ਕੀਤਾ ਜਾਵੇਗਾ।

ਵਧੇਰੇ ਜਾਣਕਾਰੀ ਇੱਥੇ ਉਪਲਬਧ ਹੈ: ਸਟੇਟਸ ਰੈਜ਼ੂਲੇਸ਼ਨ ਸੁਪੋਰਟ ਸਰਵਿਸਜ਼